Surrey Schools
LEADERSHIP IN LEARNING

Tel: 604.596.7733
www.sd36.bc.ca

# ਸਕੂਲਾਂ ਵਿੱਚ ਚੱਲ ਰਹੇ ਵਿਲੱਖਣ ਪਰੋਗਰਾਮ

## (Programs of Choice Page 1 of 2)

*ਸਰ੍ਹੀ ਸਕੂਲ ਡਿਸਟਰਿਕਟ ਵਿੱਚ ਕਈ ਤਰਾਂ ਦੇ ਵਿਲੱਖਣ ਪ੍ਰੋਗਰਾਮ ਬੱਚਿਆਂ ਦੀ ਸਿੱਖਿਆ ਲਈ ਨਿਯੁਕਤ ਹਨ। ਇਹ ਪ੍ਰੋਗਰਾਮ ਵਿਦਿਆ ਵਿਭਾਗ ਰਾਹੀਂ ਲਾਗੂ ਕੀਤੇ ਸਲੇਬਸ ਓਪੱਰ ਅਧਾਰਤ ਹਨ ਅਤੇ 12ਵੀਂ ਦੀ ਮੁਕਮਲਤਾ ਲਈ ਮਦਦ ਕਰਦੇ ਹਨ। ਇਹ ਪ੍ਰੋਗਰਾਮ ਓਹਨਾਂ ਬੱਚਿਆਂ ਲਈ ਹਨ ਜੋ ਪਹਿਲਾਂ ਆ ਕੇ ਦਾਖਲਾ ਲੈ ਲੈਂਦੇ ਹਨ ਕਿਓਂਕਿ ਇਹਨ੍ਹਾਂ ਵਿੱਚ ਕਈ ਤਰਾਂ ਦੀਆਂ ਪਾਬੰਦੀਆਂ ਹੁੰਦੀਆਂ ਹਨ। ਇਹਨਾਂ ਪ੍ਰੋਗਰਾਮਾਂ ਲਈ ਪਹੁੰਚਣਾ ਬੱਚਿਆਂ ਦੇ ਆਪਣੇ ਬੱਸ ਹੈ। ਹੋਰ ਜਾਣਕਾਰੀ ਇਸ ਫੋਨ: 604-590-2255 ਜਾਂ ਵੈਬ ਸਾਈਟ ਤੋਂ ਲਈ ਜਾ ਸਕਦੀ ਹੈ :* **www.sd36.bc.ca/sites/cisc**.

**Discovery Elementary (Grades K-7) :** www.sd36.bc.ca/discovery
ਇਸ ਸਕੂਲ ਵਿੱਚ ਅਡਲੇਰੀਅਨ ਫਿਲੌਸਫੀ ਓਤੇ ਨਿਰਭਰ ਹੈ, ਹਰ ਕਲਾਸ ਵਿੱਚਵੱਖ ਵੱਖ ਓਮਰਾਂ ਦੇ ਬੱਚੇ ਹੁੰਦੇ ਹਨ। ਇਸ ਫਲਸਫੇ ਰਾਹੀਂ ਸਹਿਯੋਗਤਾ, ਹੌਂਸਲਾ ਅਫਜ਼ਾਈ ਅਤੇ ਬੱਚੇ ਦੇ ਸਾਰੇ ਪੱਖਾਂ ਨੂੰ ਸਾਰੇ ਸਕੂਲ਼ ਪ੍ਰਸੰਗ ਵਿਦਿਆ ਦਿੱਤੀ ਜਾਂਦੀ ਹੈ।

**French Immersion (Grades K-12) :** www.sd36.bc.ca/sites/cisc/French.html
ਇਹ ਪ੍ਰੋਗਰਾਮ ਓਹਨਾਂ ਬੱਚਿਅ ਲਈ ਹੈ ਜੋ ਫਰੈਂਚ ਨਹੀਂ ਬੋਲ ਸਕਦੇ ਲੇਕਿਨ ਸਿੱਖਣੀ ਚਾਹੁੰਦੇ ਹਨ। ਇਹ ਪ੍ਰੋਗਰਾਮ ਇਹਨਾ ਸਕੂਲਾਂ ਵਿੱਚ ਹੈ: Colebrook, Crescent Park, Henry Bose, Jessy Lee, KB Woodward, Laronde, McLeod Rd.,Martha Currie, Peach Arch, Riverdale, Simon Cunnigham, Sunrise Ridge, White Rock, Woodward Hill, Earl Marriott Sec., Kwantlen Park Sec., Lord Tweedsmuir Sec.,Panorama Ridge, Sullivan Heights Sec.

**Intensive French (Grades 6-7):** **www.mmecarr.ca/ICF/ICF.html**
ਇਸ ਪ੍ਰੋਗਰਾਮ ਰਾਹੀਂ 6ਵੀਂ ਕਲਾਸ ਦੇ ਪਹਿਲੇ 6 ਮਹੀਨੇ ਫਰੈਂਚ ਵਿੱਚ ਪੜ੍ਹਾਇਆ ਜਾਂਦਾਂ ਹੈ ਤਾਂ ਕਿ ਓਹ ਇਸ ਭਾਸ਼ਾ ਵਿੱਚ ਬੋਲਣ ਲਈ ਨਿਪੰਨ ਹੋ ਜਾਣ। ਗਣਿਤ ਵਿਗਿਆਨ ਤੋਂ ਬਿਨਾਂ, ਬਾਕੀ ਮਜ਼ਬੂਨਾਂ ਦਾ ਸਲੇਬਸ ਸਾਲ ਦੇ ਦੂਸਰੇ ਹਿੱਸੇ ਵਿੱਚ ਪੂਰਾ ਕੀਤਾ ਜਾਂਦਾ ਹੈ। ਸਾਲ ਦੇ ਦੂਸਰੇ ਹਿੱਸੇ ਅਤੇ 7ਵੀਂ ਵਿੱਚ ਹਰ ਰੋਜ਼ ਇੱਕ ਘੰਟਾਂ ਫਰੈਂਚ ਪੜ੍ਹਾਈ ਜਾਂਦੀ ਹੈ। ਇਹ ਪ੍ਰੋਗਰਾਮ ਚੱਲ ਰਹੇ ਸਕੂਲਾਂ ਦੇ ਆਪਣੇ ਪ੍ਰੋਗਰਾਮਾਂ ਓਪਰ ਨਿਰਭਰ ਹੈ। ਇਹ ਸਕੂਲ ਹਨ: Coast Meridian, Erma Stephenson, Frost Road, Fraser Wood, Ocean Cliff

**Intensive Fine Arts (Grades K-7):** www.sd36.bc.ca/sites/cisc/IntensiveFineArts.html
ਇਸ ਪ੍ਰੋਗਰਾਮ ਰਾਹੀਂ ਫਾਈਨ ਆਰਟਸ ਦੇ ਸਲੇਬਸ ਜਿਸ ਵਿੱਚ: ਕਲਾ, ਸੰਗੀਤ, ਨਾਟਕ ਅਤੇ ਨਾਚ ਮੁੱਖ ਹਨ, ਓਪਰ ਜ਼ੋਰ ਦਿੱਤਾ ਜਾਂਦਾ ਹੈ। ਇਹ ਪ੍ਰੋਗਰਾਮ ਇਨ੍ਹਾਂ ਸਕੂਲਾਂ ਵਿੱਚ ਚਲਦਾ ਹੈ :White Rock Elementary & David Brnakin Elementary.

**East Kensington Elementary (A Heritage School, K-7) :** *www.sd36.bc.ca/eastkensington/*
ਇਹ ਪ੍ਰੋਗਰਾਮ ਇਸ ਸਕੂਲ ਵਿੱਚ ਹੈ ਜੋ ਕਿ ਇੱਕ ਛੋਟਾ ਜਿਹਾ ਸਕੂਲ ਹੈ ਜਿਸ ਵਿੱਚ ਇੱਕ ਪ੍ਰੀਵਾਰ ਵਰਗਾ ਵਾਤਾਵਰਨ ਹੈ। ਇਸ ਸਕੂਲ ਦੀਆਂ ਆਪਣੀਆਂ ਹੀ ਪਰੰਪਰਾਵਾਂ ਹਨ ਅਤੇ ਇਥੇ ਸਮਾਜਿਕ ਜ਼ਿਮੇਵਾਰੀ ਅਤੇ ਬਾਕੀ ਸਲੇਬਸ ਓਪਰ ਜ਼ੋਰ ਦਿੱਤਾ ਜਾਂਦਾ ਹੈ।

**Montessori (Grades K-7) :** www.sd36.bc.ca/sites/cisc/Montessori.html
ਇਸ ਪਰੋਗਰਾਮ ਰਾਹੀਂ ਇੱਕ ਰਲੀ ਮਿਲੀ ਫਲਸਫੇ ਨਾਲ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ। ਹਰ ਬੱਚਾ ਇੱਕ ਅਧਿਆਪਕ ਦੀ ਕਲਾਸ ਵਿੱਚ ਨਾਲ ਤਿੰਨ ਸਾਲ ਪੜ੍ਹਦਾ ਹੈ। ਇਹ ਪ੍ਰੋਗਰਾਮ ਇਨ੍ਹਾਂ ਸਕੂਲਾਂ ਵਿੱਚ ਹੈ : Sunnyside, Mountain View Elementary

**Traditional Schools (Grades K-7):** www.sd36.bc.ca/sites/cisc.Traditiional.html
ਇਸ ਪਰੋਗਰਾਮ ਰਾਹੀਂ ਬੱਚੇ ਇੱਕ ਤਰਤੀਬਵਾਰ ਅਤੇ ਕ੍ਰਮ ਅਨੁਸਾਰ ਸਿੱਖਿਆ ਲੈਂਦੇ ਹਨ। ਇਹ ਪ੍ਰੋਗਰਾਮ ਇਨ੍ਹਾਂ ਤਿੰਨਾਂ ਸਕੂਲਾਂ ਵਿੱਚ ਚਲਦਾ ਹੈ :
Surrey Traditional(13875 113 Ave,Cloverdale Traditional(17857 56 Ave),
McLeod Road (6325 142St).

Surrey Schools
LEADERSHIP IN LEARNING

Tel: 604.596.7733
www.sd36.bc.ca

# ਸਕੂਲਾਂ ਵਿੱਚ ਚੱਲ ਰਹੇ ਵਿਲੱਖਣ ਪਰੋਗਰਾਮ

## (Programs of Choice Page 2 of 2)

**Punjabi Language Program (Grades 5-6) :** www.sd6.bc.ca/sites/cisc/Punjabi.html
ਇਹ ਪ੍ਰੋਗਰਾਮ 5ਵੀਂ ਤੋਂ 8ਵੀਂ ਤੱਕ ਦੀਆਂ ਕਲਾਸਾ ਵਿੱਚ ਦੂਜੀ ਭਾਸਾ ਵਜੋਂ ਬੱਚੇ ਲੈ ਸਕਦੇ ਹਨ। ਇਹ ਪ੍ਰੋਗਰਾਮ ਤਿੰਨਾ ਸਕੂਲਾਂ ਵਿੱਚ ਹੈ:
**Strawberry Hill Elementary, Newton Elementary, Beaver Creek Elementary.**

**Surrey Connect (K-12, Adults) :** www.surreyconnect.sd36.bc.ca
ਇਹ ਪ੍ਰੋਗਰਾਮ ਦੋ ਥਾਂ ਚਾਲੂ ਹੈ। ਨੌਵੀਂ ਕਲਾਸ ਤੱਕ ਦੇ ਵਿਦਿਆਰਥੀ ਲੈਟਿਮਰ ਰੋਡ ਦੇ ਸਕੂਲ ਅਤੇ 10ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀ ਇਨਟੰਨੈਟ ਰਾਹੀਂ ਦਾਖਲਾ ਲਿਆ ਜਾ ਸਕਦਾ ਹੈ। ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀ ਸਕੂਲ ਤੋਂ ਬਾਹਰ ਜਾ ਕੇ, ਸੈਮੀਨਾਰਾਂ ਦੁਆਰਾ 100 ਤੋਂ ਓਪਰ ਕੋਰਸ ਲੈ ਸਕਦੇ ਹਨ। ਇਹ ਦੋ ਸਕੂਲ ਹਨ: **Latimer Road, Curriculum & Instructional Services.**

**Career Programs (Grade 10-12):** www.sd36.bc.ca/general/programs/career/career.html
ਇਹ ਪ੍ਰੋਗਰਾਮ 10ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਲਈ ਗਿਆਨ, ਯੋਗਤਾ, ਰਵਈਆ ਅਤੇ ਤਜਰਬੇ ਵਧਾ ਕਿ ਨੌਕਰੀਆਂ ਲੱਭਣ ਵਿੱਚ ਮਦਦ ਕਰਦਾ ਹੈ। ਇਸ ਰਾਹੀਂ 12ਵੀਂ ਤੋਂ ਮਗਰੋਂ ਨੌਕਰੀਆਂ ਦੀਆਂ ਯੋਗਤਾਵਾਂ ਬਾਰੇ ਵਿਹਾਰਕ ਜਾਣਕਾਰੀ ਮਿਲਦੀ ਹੈ।

**Growing Together (Grades 10-12):** adams_c@sd36.bc.ca
options.bc.ca/program_info.php?cat_id=1&program_id=19
ਇਹ ਪ੍ਰੋਗਰਾਮ ਗਰਭਵਤੀ ਮਾਵਾਂ ਲਈ ਜਾਂ ਬੱਚਿਆਂ ਵਾਲੀਆਂ ਮਾਵਾਂ ਲਈ ਹੈ ਜੋ ਸਕੂਲ ਵਿੱਚ ਬੱਚਿਆਂ ਸਮੇਤ ਆਪਣੀ ਵਿਦਿਆ ਜਾਰੀ ਰੱਖ ਸਕਦੀਆਂ ਹਨ ਇਹਦੇ ਵਿੱਚ ਪ੍ਰੀਵਾਰ ਚਲਾਓਣ ਬਾਰੇ ਅਤੇ ਬੱਚਿਆਂ ਨੂੰ ਪਾਲਣ ਪੋਸ਼ਣ ਲਈ ਵੀ ਜਾਣਕਾਰੀ ਦਿੱਤੀ ਜਾਂਦੀ ਹੈ।
ਇਹ ਪ੍ਰੋਗਰਾਮ ਸਥਿਤੱ ਹੈ: **Guilford Park Secondary School.**

**Integrated Studies (Grades 8-9):** www.sd36.bc.ca/sites/cisc/IntegratedStudies.html
ਇਸ ਪ੍ਰੋਗਰਾਮ ਰਾਹੀਂ ਬੱਚਿਆਂ ਨੂੰ ਓਹਨਾਂ ਦੀਆਂ ਵੱਖ ਵੱਖ ਯੋਗਤਾਵਾਂ ਅਤੇ ਬੁੱਧੀ ਨੂੰ ਮੁੱਖ ਰੱਖ ਕਿ ਇੱਕ ਬਰਾਦਰੀ ਵਰਗਾ ਵਾਤਾਵਰਨ ਬਣਾਇਆ ਜਾਂਦਾ ਹੈ ਇਹ ਪਰੋਗਰਾਮ ਇਹਨਾਂ ਸਕੂਲਾਂ ਵਿੱਚ ਸਥਿਤੱ ਹੈ: **Elgin Park Secondary & Johnston Heights Secondary.**

**Inter-A (Grades 7-12):** www.sd36.bc.ca/sites/cisc/InterA.html
ਇਸ ਪਰੋਗਰਾਮ ਰਾਹੀਂ ਵਿਦਿਆਰਥੀਆਂ ਨੇ ਰਲ ਮਿਲ ਕਿ ਸਿੱਖਣਾ, ਅਗਵਾਈ ਕਰਨ ਦੀ ਜਾਚ ਸਿੱਖਣਾ ਅਤੇ ਇੱਕ ਟੀਮ ਦੇ ਆਧਾਰ ਓਪਰ ਵਿਦਿਆ ਵਿਭਾਗ ਵਲੋਂ ਨਿਯੁਕਤ ਕੀਤੇ ਪਾਠ ਕਰਮ ਨੂੰ ਸਿੱਖਣਾ ਹੋਵੇਗਾ। ਇਹ ਪਰੋਗਰਾਮ ਸਥਿਤੱ ਹੈ : **Kwantlen Park Secondary.**

**International Baccalaureate (IB) (Grades 11-12):** *fcweb.sd36.bc.ca/~porpaczy_l/*
ਇਸ ਪਰੋਗਰਾਮ ਰਾਹੀਂ ਦੋ ਸਾਲਾਂ ਵਿੱਚ ਯੂਨੀਵਰਸਿਟੀ ਦੇ ਮਜ਼ਬੂਨਾਂ ਦੀ ਬਰਾਬਰਤਾ ਦੇ ਮਜ਼ਬੂਨ ਲਏ ਜਾ ਸਕਦੇ ਹਨ। ਇਸ ਪਰੋਗਰਾਮ ਦਾ ਮੁੱਖ ਮੁੱਦਾ ਹੈ ਕਿ ਦੁਨੀਆਂ ਦੇ ਨਾਗਰਿਕਤਾ ਅਤੇ ਡੂੰਘਾਈ ਵਿੱਚ ਸੋਚਣਾ। ਇਹ ਪਰੋਗਰਾਮ ਸਥਿਤੱ ਹੈ: **Semiahmoo Secondary School**

**Learning Centers (Grades 10-12):** http://www.sd36.bc.ca/general/programs/learningcentres.html
ਇਸ ਪਰੋਗਰਾਮ ਰਾਹੀਂ ਵਿਦਿਆਰਥੀ ਆਪਣੇ ਸਮੇਂ ਅਨੁਸਾਰ ਵਿਦਿਆ ਪ੍ਰਾਪਿਤ ਕਰ ਸਕਦੇ ਹਨ। ਕੰਮ ਵੀ ਕਰ ਸਕਦੇ ਹਨ ਸਕੂਲ ਵੀ ਜਾ ਸਕਦੇ ਹਨ।
ਇਹ ਪਰੋਗਰਾਮ ਸਥਿਤੱ ਹੈ: **Cloverdale LC, Guildford LC, Newton LC, S.Surrey LC.**

**Secondary School Apprenticeship (Grades 11-12)**
*fcweb.sd36.bc.ca/~coutts_b/Secondary%20School%20Apprenticeship*
ਇਸ ਪਰੋਗਰਾਮ ਰਾਹੀਂ ਵਿਦਿਆਰਥੀ ਸਕੂਲ ਤੋਂ ਬਾਅਦ ਜੋ ਵੀ ਨੌਕਰੀ ਕਰਨੀ ਚਾਹੁਣ, ਓਸ ਬਾਰੇ ਸਕੂਲ ਵਿੱਚ ਹੀ ਕਾਫੀ ਜਾਣਕਾਰੀ ਲੈ ਸਕਦੇ ਹਨ ਅਤੇ ਨੌਕਰੀ ਲਈ ਟਰੇਨਿੰਗ ਲੈ ਸਕਦੇ ਹਨ। ਇਸ ਨਾਲ ਸਕੂਲ ਦੇ ਸਾਰੇ ਪਰੋਗਰਾਮ ਵਿੱਚ ਵੀ ਹਿੱਸਾ ਲੈ ਸਕਦੇ ਹਨ।